**BCM School, Basant Avenue, Dugri, Ludhiana**
**ਜਮਾਤ ਪੰਜਵੀਂ** **ਵਿਸ਼ਾ ਪੰਜਾਬੀ**

**ਅਣਡਿੱਠਾ ਪੈਰ੍ਹਾ:-**

ਰੀਨਾ ਆਪਣੇ ਪਿੰਡ ਵਿੱਚ ਰਹਿੰਦੀ ਸੀ। ਉਸਦੇ ਇਲਾਕੇ ਵਿੱਚ ਪਾਣੀ ਦੀ ਘਾਟ ਹੋ ਰਹੀ ਸੀ ਕਿਉਂਕਿ ਲੋਕ ਪਾਣੀ ਨੂੰ ਬੇਲੋੜੇ ਤਰੀਕੇ ਨਾਲ ਬਰਬਾਦ ਕਰਦੇ ਸਨ। ਕਈ ਵਾਰ ਟੈਂਕੀਆਂ ਓਵਰਫ਼ਲੋ ਹੋ ਜਾਂਦੀਆਂ ਸਨ ਅਤੇ ਨਲ ਖੁੱਲ੍ਹੇ ਰਹਿ ਜਾਂਦੇ ਸਨ। ਰੀਨਾ ਨੇ ਸਕੂਲ ਵਿੱਚ ਪਾਣੀ ਬਚਾਉਣ ਬਾਰੇ ਜਾਣਕਾਰੀ ਲਈ ਅਤੇ ਫਿਰ ਆਪਣੇ ਪਿੰਡ ਵਿੱਚ ਲੋਕਾਂ ਨੂੰ ਸਮਝਾਇਆ। ਉਸਨੇ ਸਭ ਨੂੰ ਕਿਹਾ ਕਿ ਪਾਣੀ ਕੀਮਤੀ ਹੈ ਅਤੇ ਇਸਦੀ ਸੰਭਾਲ ਕਰਨੀ ਚਾਹੀਦੀ ਹੈ। ਹੌਲੀ-ਹੌਲੀ ਲੋਕਾਂ ਦੀ ਆਦਤ ਬਦਲੀ ਅਤੇ ਪਾਣੀ ਦੀ ਬਚਤ ਹੋਣ ਲੱਗੀ।

1 ਰੀਨਾ ਕਿੱਥੇ ਰਹਿੰਦੀ ਸੀ?

A. ਸ਼ਹਿਰ ਵਿੱਚ

B. ਪਿੰਡ ਵਿੱਚ

C. ਹੋਸਟਲ ਵਿੱਚ

D. ਸਕੂਲ ਵਿੱਚ

2 ਪਾਣੀ ਦੀ ਘਾਟ ਕਿਉਂ ਹੋ ਰਹੀ ਸੀ?

A. ਮੀਂਹ ਨਹੀਂ ਪੈਂਦਾ ਸੀ

B. ਲੋਕ ਪਾਣੀ ਬਰਬਾਦ ਕਰਦੇ ਸਨ

C. ਦਰਿਆ ਸੁੱਕ ਗਿਆ ਸੀ

D. ਟੈਂਕ ਨਹੀਂ ਸੀ

3 ਕਿਹੜੀ ਗੱਲ ਨਾਲ ਪਾਣੀ ਬਰਬਾਦ ਹੁੰਦਾ ਸੀ?

A. ਨਲ ਬੰਦ ਰੱਖਣ ਨਾਲ

B. ਟੈਂਕੀ ਓਵਰਫ਼ਲੋ ਹੋਣ ਨਾਲ

C. ਪੌਦੇ ਲਗਾਉਣ ਨਾਲ

D. ਹੱਥ ਧੋਣ ਨਾਲ

**ਸ਼ਬਦ/ਅਰਥ:**-ਟੋਹਰ, ਤਕਸੀਮ,ਲੋਅ

**ਵਾਕ ਬਣਾਓ:-**ਮਾਈਕ, ਜਾਨਵਰ, ਮੁਸ਼ਕਿਲਾਂ

**ਪ੍ਰਸ਼ਨ/ ਉੱਤਰ:-**

**ਪ੍ਰ:-ਕਾਗਜ਼ ਕਿਸ ਦਾ ਬਣਦਾ ਹੈ?**

**ਪ੍ਰ:-ਭੋਲੂ ਦੀ ਮਾਂ ਕੁੱਤਾ ਕਿਉਂ ਨਹੀਂ ਪਾਲਣਾ ਚਾਹੁੰਦੀ ਸੀ?**

**ਪ੍ਰ:-ਸੰਤੋਸ਼ ਦੀ ਰੋਟੀ ਵਿੱਚ ਮੋਹਰਾਂ ਕਿਸ ਨੇ ਪਾਈਆਂ ਸਨ?**

**ਮੁੱਲ ਪਰਖ ਪ੍ਰਸ਼ਨ:-**

**ਪ੍ਰ:-ਜੇ ਤੁਹਾਡਾ ਦੋਸਤ ਛੋਟੀ ਜਿਹੀ ਗੱਲ ਤੇ ਗੁੱਸਾ ਕਰ ਲੈਂਦਾ ਹੈ ਤਾਂ ਤੁਸੀਂ ਉਸਨੂੰ ਸਬਰ ਦੀ ਸਿੱਖਿਆ ਕਿਵੇਂ ਦਿਓਗੇ?**

**ਪ੍ਰ: ਅਸੀਂ ਆਪਣੇ ਰੋਜ਼ਾਨਾ ਜੀਵਨ ਵਿੱਚ ਕਾਗਜ਼ ਦੀ ਬੱਚਤ ਕਿਵੇਂ ਕਰ ਸਕਦੇ ਹਾਂ?**

**ਵਿਆਕਰਨ**

ਕਥਨ (A): ਬੋਲੀ ਮਨੁੱਖੀ ਸੰਚਾਰ ਦਾ ਸਭ ਤੋਂ ਮਹੱਤਵਪੂਰਨ ਸਾਧਨ ਹੈ।

ਕਾਰਨ (R): ਬੋਲੀ ਰਾਹੀਂ ਮਨੁੱਖ ਆਪਣੇ ਵਿਚਾਰ ਅਤੇ ਭਾਵਨਾਵਾਂ ਪ੍ਰਗਟ ਕਰਦਾ ਹੈ।

ਸਹੀ ਉੱਤਰ ਚੁਣੋ:

a) ਕਥਨ ਅਤੇ ਕਾਰਨ ਦੋਵੇਂ ਸਹੀ ਹਨ ਅਤੇ ਕਾਰਨ, ਕਥਨ ਦੀ ਸਹੀ ਵਿਆਖਿਆ ਕਰਦਾ ਹੈ।

b) ਕਥਨ ਅਤੇ ਕਾਰਨ ਦੋਵੇਂ ਸਹੀ ਹਨ ਪਰ ਕਾਰਨ, ਕਥਨ ਦੀ ਵਿਆਖਿਆ ਨਹੀਂ ਕਰਦਾ।

c) ਕਥਨ ਸਹੀ ਹੈ ਪਰ ਕਾਰਨ ਗਲਤ ਹੈ।

d) ਕਥਨ ਗਲਤ ਹੈ ਪਰ ਕਾਰਨ ਸਹੀ ਹੈ।

ਪ੍ਰ:-ਦਾਨੀ **ਪੁਰਸ਼** ਨੇ ਲੰਗਰ ਲਗਾ ਦਿੱਤਾ।ਵਾਕ ਦੀ ਵਚਨ ਬਦਲੀ ਕਰੋ।

ਪੁਰਸਾਂ ਪੁਰਸ਼ਾਂ ਪੁਰਸਾਂ ਪਰਸਾ

ਪ੍ਰ:-ਸਾਨੂੰ ਹਮੇਸ਼ਾ ਆਮਦਨ ਤੇ ਅਨੁਸਾਰ ਹੀ ਖਰਚ ਕਰਨਾ ਚਾਹੀਦਾ ਹੈ। ਸਹੀ ਮੁਹਾਵਰਾ ਚੁਣੋ।

ਪਾਪੜ ਵੇਲਣੇ ਚਾਂਦੀ ਹੋਣਾ ਚਾਦਰ ਵੇਖ ਕੇ ਪੈਰ ਪਸਾਰਨਾ ਖੰਡ ਖੀਰ ਹੋਣਾ

ਪ੍ਰ:-ਉਹ ਬਹੁਤ **ਹੌਲੀ** ਗੱਡੀ ਚਲਾਉਂਦਾ ਹੈ। ਸਹੀ ਵਿਰੋਧੀ ਸ਼ਬਦ ਲਿਖੋ।

ਧੀਮੀ। ਮੱਧਮ ਗਤੀ ਤੇਜ

ਪ੍ਰ:-ਨਿੱਕੀ ਜਿਹੀ **ਬਾਲੜੀ** ਰੋ ਰਹੀ ਸੀ। ਸਹੀ ਇਸਤਰੀ ਲਿੰਗ ਚੁਣੋ :-

ਬਲ ਬਾਲ ਲੜੀ ਬਲੜੀ

ਪ੍ਰ:-79 ਸ਼ਬਦ ਨੂੰ ਅੰਕਾਂ ਵਿੱਚ ਲਿਖੋ

ਉਨੱਤਰ ਉਣਾਸੀ ਉਨਾਣਵੇ ਕੋਈ ਵੀ ਨਹੀਂ